# ਹੁਕਮ, ਪੰਜਾਬ ਸਕੂਲ ਸਿੱਖਿਆ ਬੋਰਡ

ਸੰਸਥਾ ਦਿਆ ਨੰਦ ਚਾਨਣ ਲਾਲ ਸੀਨੀ: ਸੈਕੰ: ਸਕੂਲ, ਫਾਜ਼ਿਲਕਾ (ਸ਼ਨਾਖਤੀ ਨੰ: **FS-1862**) ਨੂੰ ਸਾਲ **1999-2000 ਤੋਂ ਮੈਟ੍ਰਿਕ**, ਸਾਲ **2005-06 ਤੋਂ ਸੀਨੀਅਰ ਸੈਕੰਡਰੀ (ਹਿਊਮੈਨਟੀਜ਼)** ਅਤੇ ਸਾਲ **2009-10 ਤੋਂ ਸੀਨੀਅਰ ਸੈਕੰਡਰੀ (ਸਾਇੰਸ ਅਤੇ ਕਾਮਰਸ)** ਪੱਧਰ ਦੀ ਐਫੀਲੀਏਸ਼ਨ ਪ੍ਰਦਾਨ ਕੀਤੀ ਗਈ ਸੀ। ਸੰਸਥਾ ਵੱਲੋਂ ਆਪਣੇ ਪੱਤਰ ਨੰ: 715 ਮਿਤੀ: 30-04-2018 ਰਾਹੀਂ ਪ੍ਰਾਪਤ ਪ੍ਰਤੀ ਬੇਨਤੀ ਰਾਹੀਂ ਦੱਸਿਆ ਹੈ ਕਿ ਸੰਸਥਾ ਨੇ ਸੀ.ਬੀ.ਐਸ.ਈ. ਤੋਂ ਐਫੀਲੀਏਸ਼ਨ ਪ੍ਰਾਪਤ ਕਰ ਲਈ ਹੈ। ਸੰਸਥਾ ਵੱਲੋਂ ਸੀ.ਬੀ.ਐਸ.ਈ. ਨਾਲ ਐਫੀਲੀਏਸ਼ਨ ਲੈਣ ਸਬੰਧੀ ਪ੍ਰਬੰਧਕ ਕਮੇਟੀ ਵੱਲੋਂ ਪਾਸ ਕੀਤੇ ਮਤੇ ਦੀ ਕਾਪੀ ਅਤੇ ਸੰਸਥਾ ਦੇ ਪ੍ਰਧਾਨ ਵੱਲੋਂ ਐਫੀਡੇਵਿਟ ਦੇ ਕੇ ਦੱਸਿਆ ਗਿਆ ਕਿ ਉਹਨਾਂ ਨੇ ਸਾਰੇ ਅਧਿਆਪਕਾਂ ਅਤੇ ਹੋਰ ਸਟਾਫ ਦੀ ਬਣਦੀ ਅਦਾਇਗੀ ਕਰ ਦਿੱਤੀ ਗਈ ਹੈ। ਵਿਦਿਆਰਥੀਆਂ ਨੂੰ ਸਕੂਲ ਲੀਵਿੰਗ ਸਰਟੀਫਿਕੇਟ ਜਾਰੀ ਕਰ ਦਿੱਤੇ ਗਏ ਹਨ। ਇਸ ਸਮੇਂ ਕਿਸੇ ਵੀ ਵਿਦਿਆਰਥੀ ਅਤੇ ਅਧਿਆਪਕ ਦੀ ਕੋਈ ਵੀ ਅਦਾਇਗੀ ਪੈਂਡਿੰਗ ਨਹੀਂ ਰਹੀ ਅਤੇ ਕਿਸੇ ਪ੍ਰਕਾਰ ਦਾ ਕਾਨੂੰਨੀ ਝਗੜਾ, ਲੈਣਦਾਰੀ/ਦੇਣਦਾਰੀ ਨਹੀਂ ਹੈ। ਜੇਕਰ ਭਵਿੱਖ ਵਿੱਚ ਅਜਿਹੀ ਕੋਈ ਤਰੁੱਟੀ/ਅਦਾਇਗੀ ਸਾਹਮਣੇ ਆਉਂਦੀ ਹੈ ਤਾਂ ਇਸ ਸਬੰਧੀ ਸੰਸਥਾ ਜਿੰਮੇਵਾਰ ਹੋਵੇਗੀ।

ਸੰਸਥਾ ਵੱਲੋਂ ਕੀਤੀ ਗਈ ਬੇਨਤੀ ਨੂੰ ਮੁੱਖ ਰੱਖਦੇ ਹੋਏ ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ ਸੰਸਥਾ ਨੂੰ ਸਾਲ **1999-2000 ਤੋਂ ਮੈਟ੍ਰਿਕ**, ਸਾਲ **2005-06 ਤੋਂ ਸੀਨੀਅਰ ਸੈਕੰਡਰੀ (ਹਿਊਮੈਨਟੀਜ਼)** ਅਤੇ ਸਾਲ **2009-10 ਤੋਂ ਸੀਨੀਅਰ ਸੈਕੰਡਰੀ (ਸਾਇੰਸ ਅਤੇ ਕਾਮਰਸ)** ਪੱਧਰ ਦੀ ਪ੍ਰਦਾਨ ਕੀਤੀ ਗਈ ਐਫੀਲੀਏਸ਼ਨ ਵਾਪਿਸ ਲੈਂਦੇ ਹਨ। ਸੰਸਥਾ ਨੂੰ ਬਾਰ੍ਹਵੀਂ ਪੱਧਰ ਦਾ ਜਾਰੀ ਕੀਤਾ ਸ਼ਨਾਖਤੀ ਨੰਬਰ: **FS-1862** ਵੀ ਰੱਦ ਕੀਤਾ ਜਾਂਦਾ ਹੈ। ਸੰਸਥਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ 01-04-2017 ਤੋਂ ਐਫੀਲੀਏਸ਼ਨ ਦੇ ਪ੍ਰਭਾਵ ਅਧੀਨ ਸਕੂਲ ਵਿੱਚ ਵਿਦਿਆਰਥੀਆਂ ਦਾ ਦਾਖਲਾ ਨਾ ਕੀਤਾ ਜਾਵੇ।

ਸੰਸਥਾ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਐਫੀਲੀਏਸ਼ਨ ਅਧੀਨ ਵਿਦਿਆਰਥੀਆਂ ਦੇ ਦਾਖਲੇ ਆਦਿ ਸਬੰਧੀ ਸਮੁੱਚਾ ਰਿਕਾਰਡ ਸੰਭਾਲ ਕੇ ਸਕੂਲ ਵਿੱਚ ਰੱਖੇਗੀ। ਜੇਕਰ ਦਫਤਰ ਨੂੰ ਕਿਸੇ ਰਿਕਾਰਡ ਦੀ ਕਿਸੇ ਸਮੇਂ ਜ਼ਰੂਰਤ ਹੋਵੇਗੀ ਤਾਂ ਸੰਸਥਾ ਇਹ ਰਿਕਾਰਡ ਦਫਤਰ ਨੂੰ ਦੇਣ ਲਈ ਪਾਬੰਦ ਹੋਵੇਗੀ।

ਮਿਤੀ: ਮੋਹਾਲੀ: 13-11-2018

ਸਕੱਤਰ,
ਪੰਜਾਬ ਸਕੂਲ ਸਿੱਖਿਆ ਬੋਰਡ।

ਪਿੱਠ ਅੰਕਣ ਨੰਬਰ: ਪਸਸਬ-ਐਫੀ: 2018/6552-6560 ਮਿਤੀ: 26/11/18

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸੰਸਥਾ ਮੁੱਖੀ, **ਦਿਆ ਨੰਦ ਚੰਨਣ ਲਾਲ ਸੀਨੀ: ਸੈਕੰ: ਸਕੂਲ, ਫਾਜ਼ਿਲਕਾ।**
2. ਕੰਟਰੋਲਰ ਪ੍ਰੀਖਿਆਵਾਂ
3. ਸਹਾਇਕ ਸਕੱਤਰ ( ਰਜਿ:/ ਮਾਈ.)
4. ਮੈਨੇਜਰ, ਖੇਤਰੀ ਦਫਤਰ , ਫਾਜ਼ਿਲਕਾ।
5. ਜਿਲ੍ਹਾ ਸਿੱਖਿਆ ਅਫਸਰ, ਫਾਜ਼ਿਲਕਾ।
6. ਸਕੱਤਰ ਟੂ ਚੇਅਰਮੈਨ, ਨਿੱਜੀ ਸਕੱਤਰ ਟੂ ਸਕੱਤਰ ਅਤੇ ਮੀਤ ਪ੍ਰਧਾਨ ਨੂੰ ਸੂਚਨਾਂ ਹਿੱਤ।
7. ਡਿਪਟੀ ਡਾਇ: (ਕੰਪਿਊਟਰ ਸੈੱਲ)।

Santokh 22/11/18

ਇੰਚਾਰਜ (ਐਫੀਲੀਏਸ਼ਨ),
ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।